# ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ

## ਸਾਰਗ ਮਹਲਾ ੫ ਦੁਪਦੇ ਘਰੁ ੪

## ੴ ਸਤਿ ਗੁਰ ਪ੍ਰਸਾਦਿ

ਇਹ ਸ਼ਬਦ, ਪੰਚਮ ਪਾਤਸ਼ਾਹ ਦਾ ਸਾਰੰਗ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ। ਇਸ ਦੇ ਸਿਰਲੇਖ ਅਨੁਸਾਰ ਇਸ ਵਿਚ, 'ਰਹਾਉ' ਵਾਲੇ ਪਦੇ ਤੋਂ ਇਲਾਵਾ, ਦੋ ਪਦੇ ਹਨ। ਸੰਗੀਤ ਸ਼ਾਸਤਰ ਅਨੁਸਾਰ, ਇਸ ਸ਼ਬਦ ਨੂੰ, ਚੌਥੇ ਘਰ ਵਿਚ ਗਾਇਨ ਕਰਨ ਦੀ ਹਦਾਇਤ ਹੈ।

ਇਸ ਦੇ ਅਰੰਭ ਕਰਨ ਤੋਂ ਪਹਿਲਾਂ ਮੂਲ ਮੰਤਰ ਦਾ ਛੋਟਾ ਸਰੂਪ ਪ੍ਰਭੂ ਦੇ ਮੰਗਲ ਵਜੋਂ ਉਚਾਰਣ ਕੀਤਾ ਗਿਆ ਹੈ ਜਿਸ ਵਿਚ ਮੂਲ ਮੰਤਰ ਦੇ ਪਹਿਲੇ ਤਿੰਨ ਸ਼ਬਦ - '੧', 'ਓ' (ਓਅੰਕਾਰ) ਅਤੇ 'ਸਤਿ' ਅਤੇ, ਫ਼ਿਰ ਉਸ ਤੋਂ ਬਾਅਦ - 'ਗੁਰ' ਅਤੇ 'ਪ੍ਰਸਾਦਿ'। ਇਹ ਮੂਲ ਮੰਤਰ ਵਿਚ ਆਏ ਪਰਮਾਤਮਾ ਦੇ ੧੪ ਗੁਣਾਂ (attributes) ਵਿਚੋਂ ੫ ਹਨ। ਵਿਚਕਾਰ ਵਾਲੇ, ਪਰਮਾਤਮਾ ਦੇ ੯ ਗੁਣ ਛਡ ਕੇ ਮੰਗਲਾਚਰਣ ਦਾ ਸੰਖਿਪਤ ਰੂਪ ਦਰਜ ਕੀਤਾ ਗਿਆ ਹੈ। ਇਸ ਦੀ ਬਣਤਰ ਦੇ ਹਿਸਾਬ ਨਾਲ ਇਸ ਦਾ ਉਚਾਰਣ '੧ਓ ਸਤਿ' 'ਗੁਰ ਪ੍ਰਸਾਦਿ' ਬਣਦਾ ਹੈ। ਮੂਲ ਮੰਤਰ ਦਾ ਇਹ ਸਰੂਪ, ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਂਈ ਦਰਜ ਕੀਤਾ ਗਿਆ ਹੈ। ਪਰਮਾਤਮਾ ਇਕ ਹੈ ਤੇ ਕੇਵਲ ਇਕ ਹੈ। ਉਹ ਇਕੱਲਾ ਹੀ ਕਰਤਾ ਪਾਲਕ ਤੇ ਨਾਸ਼ਕ ਆਪ ਹੀ ਹੈ ਤੇ ਹਰ ਥਾਂ ਇਕ ਰਸ ਵਿਆਪਕ ਹੈ। ਸਿਰਫ਼ ਉਹ ਹੀ 'ਸਤਿ', ਭਾਵ, ਆਪਣੇ ਤੋਂ ਹੋਂਦ ਵਾਲਾ ਹੈ, ਹੋਰ ਕਿਸੇ ਦੀ ਆਪਣੇ ਤੋਂ ਹੋਂਦ ਨਹੀਂ। ਉਹ ਗੁਰੂ ਰੂਪ, ਭਾਵ, ਹਨੇਰੇ ਤੋਂ ਪ੍ਰਕਾਸ਼ ਵਲ ਲਿਜਾਣ ਵਾਲਾ ਹੈ। ਉਹ ਹੀ ਕਿਰਪਾ ਦਾ ਸੋਮਾ ਹੈ।

ਮੋਹਨ ਘਰਿ ਆਵਹੁ ਕਰਉ ਜੋਦਰੀਆ ॥

ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ ॥੧॥ ਰਹਾਉ ॥

-- ਮੋਹਨ ਸ਼ਬਦ, ਸ੍ਰੀ ਕ੍ਰਿਸ਼ਨ ਜੀ ਲਈ ਵਰਤਿਆ ਜਾਂਦਾ ਹੈ। ਇਥੇ ਮਹਾਤਮਾ ਗੁਰੂ/ਪ੍ਰਭੂ ਲਈ ਵਰਤਿਆ ਗਿਆ ਹੈ। ਮੈਂ ਬੇਨਤੀ, ਜੋਦੜੀ ਕਰਦੀ ਹਾਂ ਕਿ ਹੇ ਮੇਰੇ ਪਿਆਰੇ, ਮਨ ਨੂੰ ਮੋਹ ਲੈਣ ਵਾਲੇ, ਗੁਰੂ ! ਤੂੰ ਮੇਰੇ ਗ੍ਰਹਿ ਵਿਖੇ ਆ। ਇਥੇ 'ਘਰਿ' ਲਫ਼ਜ਼ ਦਾ ਭਾਵ, ਹਿਰਦਾ ਰੂਪੀ ਘਰ ਵੀ ਹੈ ਅਤੇ

ਸੰਸਾਰਿਕ ਰਿਹਾਇਸ਼ ਦੀ ਥਾਂ ਵੀ। ਇਤਿਹਾਸ ਵਿਚ ਅਜਿਹੀਆਂ ਜੋਦੜੀਆਂ ਅਤੇ ਬੇਨਤੀਆਂ ਭਰਤ, ਸ਼ਬਰੀ, ਬਿਦਰ, ਕਬੀਰ ਆਦਿ ਭਗਤ ਜਨਾਂ ਨੇ, ਬੇਬੇ ਨਾਨਕੀ ਅਤੇ ਸਮੇਂ ਸਮੇਂ ਤੇ ਅਨੇਕਾਂ ਸਿਖਾਂ ਨੇ ਵੀ ਕੀਤੀਆਂ ਹਨ। ਇਸ ਕਰਕੇ ਰਿਹਾਇਸ਼ੀ ਸਥਾਨ ਤੇ ਗੁਰੂ/ਮਹਾਤਮਾ ਦੀ ਆਮਦ ਲਈ ਬੇਨਤੀ ਦੇ ਵਲਵਲੇ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਰਤ ਨੇ ਚੌਦਾਂ ਸਾਲ, ਬਿਨਾਂ ਰਾਜ ਸਿੰਘਾਸਣ ਤੇ ਬੈਠੇ, ਸੰਨਿਆਸੀਆਂ ਵਾਲਾ ਜੀਵਨ ਨਿਰਬਾਹ ਕਰਦੇ ਹੋਏ, ਆਪਣੇ ਵਡੇ ਭਰਾ, ਸ੍ਰੀ ਰਾਮ ਚੰਦਰ ਜੀ ਨੂੰ, ਪ੍ਰਭੂ ਜਾਣ ਕੇ, ਉਨ੍ਹਾਂ ਦਾ, ਘਰ ਆਉਣ ਦਾ ਇੰਤਜ਼ਾਰ ਕੀਤਾ। ਸ਼ਬਰੀ ਨੂੰ, ਮਤੰਗ ਰਿਖੀ ਨੇ ਦਸਿਆ ਸੀ ਕਿ ਉਸ ਕੋਲ, ਪ੍ਰਭੂ ਦਾ ਸਰੂਪ, ਸ੍ਰੀ ਰਾਮ ਚੰਦਰ ਜੀ ਆਉਣਗੇ। ਉਨ੍ਹਾਂ ਦੇ ਬਚਨ ਸੱਤ ਮੰਨ ਕੇ, ਵਰ੍ਹਿਆਂ ਬਧੀ, ਪ੍ਰਭੂ ਜਾਣ ਕੇ ਉਨ੍ਹਾਂ ਦਾ ਇੰਤਜ਼ਾਰ ਕੀਤਾ ਅਤੇ ਅੰਤ, ਉਹ, ਉਸਦੇ ਘਰ ਆਏ। ਬੇਬੇ ਨਾਨਕੀ, ਆਪਣੇ ਵੀਰ ਨਾਨਕ ਨੂੰ, ਰੱਬ ਜਾਣ ਕੇ, ਉਨ੍ਹਾਂ ਦੀ ਉਡੀਕ ਕਰਦੀ ਹੁੰਦੀ ਸੀ। ਅਨੇਕਾਂ ਸਾਖੀਆਂ ਹਨ, ਕਿ, ਪਾਤਸ਼ਾਹ, ਲੰਮੀ ਦੂਰੀ ਤੋਂ, ਉਸਦੇ ਯਾਦ ਕਰਨ ਨਾਲ ਉਸਦੇ ਘਰ ਆ, ਦਰਸ਼ਨ ਦਿੰਦੇ ਸਨ। ਛੇਵੇਂ ਪਾਤਸ਼ਾਹ ਵੀ, ਕਸ਼ਮੀਰ ਵਿਖੇ, ਮਾਈ ਦਾ ਸੀਤਾ ਹੋਇਆ ਕੁੜਤਾ ਪਾਉਣ, ਉਸਦੇ ਘਰ ਪੁਜੇ ਸਨ। ਭਗਤ ਨਾਮਦੇਵ ਤੋਂ ਪ੍ਰਸੰਨ ਹੋ ਕੇ ਪ੍ਰਭੂ ਨੇ ਆ ਕੇ ਦਰਸ਼ਨ ਵੀ ਦਿਤੇ ਤੇ ਉਸ ਤੋਂ ਦੁਧ ਵੀ ਛਕਿਆ। ਭਾਈ ਸਾਧੂ ਤੇ ਭਾਈ ਰੁਪਾ ਦੀ ਪ੍ਰੇਮ ਪੁਕਾਰ ਤੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਤਪਦੀ ਦੁਪਹਿਰ, ਕਈ ਮੀਲ, ਘੋੜਾ ਭਜਾ ਕੇ, ਠੰਢਾ ਪਾਣੀ ਪੀਣ ਪੁਜ ਗਏ। ਤਾਂ ਸੋਚੀਏ ਕਿ ਉਸ ਵਕਤ ਇਹੋ ਜਿਹੇ ਭਗਤ ਜਨਾਂ ਦੀ ਅਵੱਸਥਾ ਕਿਤਨੀ ਵਿਸਮਾਦਕ ਰਹੀ ਹੋਵੇਗੀ ! ਅਜਿਹੀ ਇਸ਼ਕ ਦੀ ਖੇਡ ਹਮੇਸ਼ਾਂ ਤੋਂ ਹੀ ਵਾਪਰਦੀ ਆਈ ਹੈ, ਵਾਪਰ ਰਹੀ ਹੈ ਅਤੇ ਵਾਪਰਦੀ ਰਹੇਗੀ। ਲੋੜ ਹੈ ਤਾਂ ਵਿਸ਼ਵਾਸ, ਪ੍ਰੇਮ, ਸਿਦਕ ਅਤੇ ਖਿਚ ਦੀ।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੩੯ ਤੇ, ਪ੍ਰੀਤਮ ਗੁਰੂ ਦੇ, ਘਰ ਆਉਣ ਲਈ ਤਰਲਾ ਅਤੇ ਮਨ ਅਤੇ ਤਨ ਵਿਚ ਬਿਰਹ ਦਾ ਜ਼ਿਕਰ ਕਰਦੇ ਹਨ - 'ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ।। ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ।।'

ਭਗਤ ਕਬੀਰ ਜੀ ਨੇ ਵੀ ਆਪਣੇ ਇਸ਼ਟ ਦੇ ਅਗੇ ਤਰਲਾ ਕੀਤਾ ਹੈ ਕਿ ਹੇ ਮੇਰੇ ਪਿਆਰੇ ! ਮੈਂ ਤੇਰੇ ਦਰ ਤੇ, ਦੀਨ ਬਣ ਕੇ ਖੜਾ ਹਾਂ। ਮੇਰੇ ਤੇ ਕਿਰਪਾ ਕਰ ਅਤੇ ਆਪਣੇ ਦਰ ਦਾ ਬੂਹਾ ਖੋਹਲ ਕੇ, ਭਾਵ ਮੈਨੂੰ ਖੁਲੇ ਦਰਸ਼ਨ ਦੀਦਾਰੇ ਬਖ਼ਸ਼।

ਤੇਰੇ ਤੋਂ ਬਿਨਾਂ, ਮੇਰੀ ਸਾਰ ਲੈਣ ਵਾਲਾ ਹੋਰ ਕੋਈ ਨਹੀਂ - 'ਦਰਮਾਦੇ ਠਾਢੇ ਦਰਬਾਰ।। ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲਿ ਕਿਵਾਰ।।', ਪੰਨਾ ੮੫੬.

-- ਜੀਵ ਇਸਤਰੀ, ਚੇਲੀ ਰੂਪ ਵਿਚ ਤਰਲਾ ਕਰਦੀ ਹੈ ਕਿ ਹੇ ਮੇਰੇ ਮਨ ਨੂੰ ਮੋਹ ਲੈਣ ਵਾਲੇ ਪਿਆਰੇ ਗੁਰੂ ! ਮੇਰੇ ਗ੍ਰਿਹਿ ਵਿਖੇ ਆ। ਬੇਸ਼ਕ ਮੈਂ ਹੰਕਾਰ ਕਰਦੀ ਹਾਂ, ਹੰਕਾਰ ਤਾਂ ਮੇਰੀ ਬੋਲੀ ਵਿਚ ਵੀ ਹੈ, ਇਹ ਸਭ ਭੁਲਾਂ ਚੁਕਾਂ ਕਰਦੀ ਹੋਈ ਵੀ, ਹਾਂ ਤਾਂ, ਮੈਂ ਤੇਰੀ ਚੇਲੀ ਹੀ, ਭਾਵ ਹੇ ਮੇਰੇ ਪਿਆਰੇ ਗੁਰੂ ਜੀਓ ! ਮੇਰੇ ਅਉਗੁਣਾਂ ਨੂੰ ਨਾ ਚਿਤਾਰਦੇ ਹੋਏ ਇਸ ਦਾਸੀ ਦੇ ਗ੍ਰਿਹਿ ਵਿਖੇ ਦਰਸ਼ਨ ਦਿਓ ਜੀ।੧।ਰਹਾਉ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੧੬੨ ਤੇ, ਫ਼ੁਰਮਾਣ ਕਰਦੇ ਹਨ ਕਿ ਉਹ ਪ੍ਰਭੂ, ਸੁੰਦਰ ਹੈ, ਮਨ ਨੂੰ ਮੋਹ ਲੈਣ ਵਾਲਾ, ਪਿਆਰਾ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ। ਗੁਰੂ ਅਗੇ, ਨਿਉਂ, ਨਿਉਂ ਕੇ, ਚਰਨਾਂ ਪਕੜ ਕੇ ਅਰਜ਼ੋਈ ਹੈ ਕਿ ਉਸਦੇ ਦਰਸ਼ਨ ਕਰਵਾ ਦਏ - 'ਮੋਹਨ ਲਾਲ ਅਨੂਪ ਸਰਬ ਸਾਧਾਰੀਆ।। ਗੁਰ ਨਿਵ ਨਿਵ ਲਾਗਉ ਪਾਇ ਦੇਹੁ ਦਿਖਾਰੀਆ।।'

ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ ॥

ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆ ॥੧॥

-- ਲੋਕ ਕਹਿੰਦੇ ਸੁਣੇ ਹਨ ਕਿ ਤੂੰ ਨਿਕਟ ਵਸਦਾ ਹੈਂ। ਮੈਨੂੰ ਮਹਿਸੂਸ ਹੁੰਦਾ ਹੈ ਕਿ ਤੂੰ ਮੇਰੇ ਨਾਲ ਵਸਦਾ ਹੈਂ ਪਰ ਤੇਰਾ ਦੀਦਾਰ ਨਹੀਂ ਹੁੰਦਾ, ਜਿਸ ਕਾਰਣ ਮੈਂ ਇਧਰ ਉਧਰ ਭਟਕ ਕੇ ਦੁਖ ਨਾਲ ਭਰ ਜਾਂਦੀ ਹਾਂ। (ਕਈਆਂ ਦੀ ਐਸੀ ਅਵੱਸਥਾ ਵੇਖਣ ਵਿਚ ਆਉਂਦੀ ਹੈ।)

ਪਾਤਸ਼ਾਹ, ੫੬੩ ਪੰਨੇ ਤੇ, ਬਚਨ ਕਰਦੇ ਹਨ ਕਿ ਉਹ ਜਲ ਵਿਚ, ਜ਼ਮੀਨ ਤੇ, ਪੁਲਾੜ (Space) ਵਿਚ, ਭਾਵ, ਹਰ ਥਾਂ ਤੇ ਮੌਜੂਦ ਹੈਂ। ਕਿਸੇ ਤੋਂ ਦੂਰ ਨਹੀਂ, ਸਭ ਦੇ ਨੇੜੇ ਹੈਂ - 'ਜਲਿ ਥਲਿ ਮਹੀਅਲਿ ਰਹਿਆ ਭਰਪੂਰੇ।। ਨਿਕਟਿ ਵਸੈ ਨਾਹੀ ਪ੍ਰਭੁ ਦੂਰੇ।।' ੧੧੩੯ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ, ਹੈ ਤਾਂ, ਉਹ ਨੇੜੇ ਹੀ, ਪਰ ਮੈਂ ਉਸ ਦਾ ਭੇਦ ਨਹੀਂ ਪਾ ਸਕਦੀ, ਕਿਉਂਕਿ ਬਿਨਾਂ ਸਚੇ ਗੁਰੂ ਦੇ ਸਭ ਪਾਸੇ ਮਾਇਆ ਮੋਹ ਦੇ ਵਿਚ ਮੈਂ ਫ਼ਸੀ ਪਈ ਹਾਂ, ਪੜਦਾ ਪਿਆ ਹੋਇਆ ਹੈ - 'ਹੈ ਨਿਕਟੇ ਅਰੁ ਭੇਦੁ ਨ ਪਾਇਆ।। ਬਿਨੁ ਸਤਿਗੁਰ ਸਭ ਮੋਹੀ ਮਾਇਆ।।'

-- ਜਦੋਂ ਗੁਰੂ ਕਿਰਪਾ ਕਰਕੇ ਮੇਰੇ ਤੇ ਆਪਣੇ ਵਿਚਲਾ ਪੜ੍ਹਦਾ ਲਾਹ ਦਿਤਾ ਤਾਂ ਆਪਣੇ ਸੋਹਣੇ ਲਾਲ, ਪਤੀ ਗੁਰੂ ਨਾਲ ਮਿਲਾਪ ਹੋ ਕੇ, ਮੇਰਾ ਮਨ ਹਰਿਆ ਹੋ ਜਾਂਦਾ ਹੈ, ਭਾਵ, ਖਿੜ ਜਾਂਦਾ ਹੈ।੧।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੧੧੬੩ ਤੇ, ਫ਼ੁਰਮਾਣ ਕਰਦੇ ਹਨ ਕਿ ਜੀਵ ਇਸਤਰੀ ਅਤੇ ਪ੍ਰਭੂ ਪਤੀ ਦਾ ਵਾਸਾ, ਨਾਲ ਨਾਲ ਹੀ ਹੁੰਦਾ ਹੈ ਪਰ ਹਉਮੈ ਦੀ ਕਰਾਰੀ ਕੰਧ, ਉਨ੍ਹਾਂ ਦਾ ਮਿਲਾਪ ਨਹੀਂ ਹੋਣ ਦਿੰਦੀ। ਗੁਰੂ, '**ਮੈਂ**' ਦੀ, ਇਸ ਕਰਾਰੀ ਕੰਧ ਨੂੰ ਤੋੜ ਦਿੰਦਾ ਹੈ ਅਤੇ ਉਸ ਬਨਵਾਰੀ ਨਾਲ ਮਿਲਾਪ ਹੋ ਜਾਂਦਾ ਹੈ। ਇਸ, ਪਤੀ ਅਤੇ ਪਤਨੀ ਦੇ ਮਿਲਾਪ ਲਈ, ਇਸਤਰੀ ਨੂੰ, ਆਪਾ ਤਿਆਗ ਕੇ, ਸਮੱਰਪਣ ਕਰਨਾ ਲਾਜ਼ਮੀ ਹੈ, ਵਰਨਾ, ਮਿਲਾਪ ਸੰਭਵ ਨਹੀਂ - 'ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ।। ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ।।'

ਪੰਜਵੇਂ ਪਾਤਸ਼ਾਹ ਵੀ ਬਚਨ ਕਰਦੇ ਹਨ ਕਿ, ਉਹ ਵਸਦਾ ਤਾਂ ਹਰ ਇਕ ਵਿਚ ਹੈ ਪਰ ਇਸ ਹਕੀਕਤ ਨੂੰ ਜਾਣਦਾ ਕੋਈ ਵਿਰਲਾ ਹੈ। ਇਕ ਪੜਦਾ ਹੀ ਹੁੰਦਾ ਹੈ ਜਿਸ ਕਰ ਕੇ ਉਹ ਦਿਸਦਾ ਨਹੀਂ। ਕੀ ਕੋਈ ਐਸਾ ਸਾਜਨ ਹੈ ਜੋ ਇਹ ਪੜਦਾ ਲਾਹ ਦਏ। ਜੇ ਉਹ ਸਾਜਨ, ਗੁਰੂ, ਇਹ ਮਿਹਰ ਕਰ ਦਏ ਤਾਂ ਮੈਂ ਆਪਣਾ ਮਨ ਉਸ ਤੋਂ ਕੁਰਬਾਨ ਕਰ ਦਿਆਂ, ਉਸ ਨੂੰ ਦੇ ਦਿਆਂ - 'ਘਟਿ ਘਟਿ ਵਸਹਿ ਜਾਣੈ ਥੋਰਾ।। ਹੈ ਕੋਈ ਸਾਜਣੁ ਪਰਦਾ ਤੋਰਾ।। ਕਰਉ ਜਤਨ ਜੇ ਹੋਇ ਮਿਹਰਵਾਨਾ।। ਤਾ ਕਉ ਦੇਈ ਜੀਉ ਕੁਰਬਾਨਾ।।', ਪੰਨਾ ੫੬੨. ਇਹ ਵੀ ਬਚਨ ਕਰਦੇ ਹਨ ਕਿ ਮੈਂ ਲਖ ਲਖ ਲਖ ਵੇਰ ਉਸ ਗੁਰੂ ਤੋਂ ਬਲਿਹਾਰ ਜਾਵਾਂ ਜਿਸ ਨੇ, ਮੇਰੇ ਭਰਮ ਦਾ ਪੜਦਾ ਖੋਹਲ ਦਿਤਾ ਹੈ - 'ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ।।', ਪੰਨਾ ੭੭੯.

ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ ॥

ਸਾਧਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ ॥੨॥੧॥੨੪॥

-- ਪਰ ਇਸ ਤੋਂ ਉਲਟ ਇਕ ਪਲਕ ਝਪਕਣ ਦੇ ਸਮੇਂ ਲਈ ਵੀ, ਜੇ ਕਰ ਮੇਰਾ ਮਾਲਕ, ਗੁਰੂ ਮੈਨੂੰ ਵਿਸਰ ਜਾਏ ਤਾਂ ਮੈਨੂੰ ਇਉਂ ਲਗਦਾ ਹੈ ਕਿ ਕਰੋੜਾਂ ਦਿਨ ਤੇ ਲਖਾਂ ਸਾਲ ਉਸਦੀ ਜੁਦਾਈ ਵਿਚ ਬੀਤ ਗਏ ਹੋਣ।

ਪੰਜਵੇਂ ਪਾਤਸ਼ਾਹ, ੯੬ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਮੇਰੇ ਸੰਤ, ਗੁਰੂ !

ਜੇ ਤੂੰ ਮੈਂਨੂੰ ਇਕ ਘੜੀ ਜਿੰਨੇ ਸਮੇਂ ਲਈ ਵੀ ਨਾ ਮਿਲੇਂ ਤਾਂ ਮੈਂਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਕਲਿਜੁਗ ਵਰਗਾ, ਲੰਮਾ, ਕਾਲਾ ਸਮਾਂ ਲੰਘ ਗਿਆ ਹੈ ; ਹੇ ਮੇਰੇ ਪਿਆਰੇ ਭਗਵਾਨ, ਗੁਰੂ ਜੀ ! ਹੁਣ ਕਦੋਂ ਤੁਹਾਡਾ ਮੇਲ ਹੋਏਗਾ ; ਕਿਉਂਕਿ ਤੁਹਾਡੇ ਦਰਬਾਰ ਦੇ ਦਰਸ਼ਨਾਂ ਬਿਨਾਂ ਤਾਂ ਮੇਰੀ ਰਾਤ ਹੀ ਨਹੀਂ ਬਤੀਤ ਹੁੰਦੀ, ਮੈਂਨੂੰ ਨੀਂਦ ਨਹੀਂ ਆਉਂਦੀ - 'ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।। ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।। ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ।।'

-- ਪਰ ਜਦੋਂ ਮੈਂਨੂੰ ਸਾਧੂ ਨਾਲ ਇਕਮਿਕਤਾ, ਮਿਲਾਪ ਹਾਸਲ ਹੋ ਗਿਆ ਤਾਂ ਪੰਚਮ ਨਾਨਕ ਜੀ ਫ਼ੁਰਮਾਣ ਕਰਦੇ ਹਨ, ਮੇਰਾ ਰਬ ਨਾਲ ਮਿਲਾਪ ਹੋ ਗਿਆ।੨।

ਪਾਤਸ਼ਾਹ ਨੇ, ੯੬ ਪੰਨੇ ਤੇ, ਸੰਤ-ਗੁਰੂ ਨਾਲ ਮਿਲਾਪ ਦੀ ਅਵੱਸਥਾ ਬਾਰੇ ਇਉਂ ਫ਼ੁਰਮਾਣ ਕੀਤਾ ਹੈ ਕਿ ਉਸ ਦੇ ਮਿਲਾਪ ਨਾਲ ਮੇਰੇ ਭਾਗ ਖੁਲ ਗਏ ਹਨ, ਹੁਣ ਮੈਂਨੂੰ, ਮੇਰੇ ਅੰਦਰ, ਮੇਰਾ, ਨਾਸ ਰਹਿਤ, ਪ੍ਰਭੂ ਮਿਲ ਪਿਆ ਹੈ - 'ਭਾਗੁ ਹੋਆ ਗੁਰਿ ਸੰਤੁ ਮਿਲਾਇਆ।। ਪ੍ਰਭੁ ਅਬਿਨਾਸੀ ਘਰ ਮਹਿ ਪਾਇਆ।।'

ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ, ਸਾਧੂ ਦੀ ਸੰਗਤਿ ਸਦਕਾ ਦਰਸ਼ਨ ਦਿੰਦਾ ਹੈ, ਇਸ ਕਰ ਕੇ ਪੰਚਮ ਨਾਨਕ, ਪ੍ਰਭੂ ਦੀ ਕਿਰਪਾ ਨਾਲ, ਇਹ ਸੁਖ ਮੰਗਦੇ ਹਨ ਕਿ ਸੰਤ ਜਨਾਂ ਦੇ ਚਰਣਾਂ ਦੀ ਧੂੜ, ਜੋ ਸਭ ਤੋਂ ਵਡਾ ਸੁਖ ਹੈ, ਉਹ ਮਿਲ ਜਾਏ - 'ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧ ਸੰਗਤਿ ਕੈ ਪਾਛੈ।। ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ।।', ਪੰਨਾ ੨੦੭. ਅਗੋਂ ੭੪੬ ਪੰਨੇ ਤੇ ਦਸਿਆ ਹੈ ਕਿ ਜਦੋਂ ਮਨੁਖ ਸਾਧੂ ਦੀ ਸੰਗਤਿ ਕਰਦਾ ਹੈ, ਤਾਂ ਰਬ ਦੇ ਦੁਆਰੇ ਤੇ ਜਾ ਖਲੋਂਦਾ ਹੈ ਅਤੇ ਉਸ ਨੂੰ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ - 'ਅਬ ਸਾਧੂ ਸੰਗਿ ਪਰੀਆ।। ਹਰਿ ਦੁਆਰੈ ਖਰੀਆ।। ਦਰਸਨੁ ਕਰੀਆ।।'



26,9.2020